# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ. 104-10, ਦੂਸਰੀ ਅਤੇ ਤੀਸਰੀ ਮੰਜਿਲ, ਸੈਕਟਰ 34-ਏ,ਚੰਡੀਗੜ੍ਹ**

ਫੋਨ ਨੰ : 0172-262320ਵਵਕਅਵਜਰਅਯ6,2623207

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪੰਜਾਬ
ਸਮੂਹ ਸਕੂਲ ਮੁੱਖੀ,ਪੰਜਾਬ

ਪੱਤਰ ਨੰ:-ਐਸ.ਐਸ.ਏ/ਗਰਲਜ਼ ਐਜੂਕੇਸ਼ਨ/2010/22507-22546
ਮਿਤੀ :- ਚੰਡੀਗੜ੍ਹ, 27/01/10

**ਵਿਸ਼ਾ :- ਸਰਵ ਸਿੱਖਿਆ ਅਭਿਆਨ ਦੀ ਵਰਕ ਪਲਾਨ 2009-10 ਤਹਿਤ ਗਰਲਜ਼ ਐਜੂਕੇਸ਼ਨ ਅਤੇ ਐਸ.ਸੀ/ਐਸ.ਟੀ ਪਲਾਨ ਨੂੰ ਲਾਗੂ ਕਰਨ ਵਜੋਂ ਛੇਵੀਂ ਅਤੇ ਸੱਤਵੀਂ ਜਮਾਤ ਦੀਆਂ ਲੜਕੀਆਂ ਅਤੇ ਐਸ.ਸੀ/ਐਸ.ਟੀ ਬੱਚਿਆਂ ਲਈ ਵਿਸ਼ੇਸ਼ ਪੇਪਰ ਬਾਬਤ।**

1.0 ਆਪ ਜੀ ਦਾ ਧਿਆਨ ਸਰਵ ਸਿੱਖਿਆ ਅਭਿਆਨ ਅਧੀਨ ਭਾਰਤ ਸਰਕਾਰ ਵੱਲੋਂ ਗਰਲਜ਼ ਐਜੂਕੇਸ਼ਨ ਲਈ ਅਪਰੂਵ ਕੀਤੀ ਪਲਾਨ ਦੇ ਗਤੀਵਿਧੀ ਨੰਬਰ 5 ਅਤੇ ਐਸ.ਸੀ/ਐਸ.ਟੀ ਦੀ ਗਤੀਵਿਧੀ ਨੰਬਰ 3 ਵੱਲ ਧਿਆਨ ਦਿਵਾਉਂਦਿਆਂ ਹੋਇਆਂ ਲਿਖਿਆ ਜਾਂਦਾ ਹੈ ਕਿ ਇਸਗਤੀਵਿਧੀ ਨੂੰ ਨੇਪੜੇ ਚਾੜਨ ਲਈ ਬਲਾਕ ਪੱਧਰ ਤੇ ਪੰਜਵੀਂ, ਛੇਵੀਂ,ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਤੇ ਆਉਣ ਵਾਲੀਆਂ ਵਿਦਿਆਰਥਣਾਂ ਅਤੇ ਐਸ.ਸੀ/ਐਸ.ਟੀ ਬੱਚਿਆਂ ਨੂੰ ਕ੍ਰਮਵਾਰ 2000/-,1500/-, ਅਤੇ 1000/- ਰੁਪਏ ਦਾ ਨਕਦੀ ਇਨਾਮ ਅਤੇ ਸਰਟੀਫ਼ਿਕੇਟ ਦੇਕੇ ਸਨਮਾਨਿਤ ਕੀਤਾ ਜਾਵੇਗਾ। ਪੰਜਵੀਂ ਅਤੇ ਅੱਠਵੀਂ ਜਮਾਤ ਲਈ ਬੋਰਡ ਦੀ ਪ੍ਰੀਖਿਆ 2009-10 ਨੂੰ ਅਧਾਰ ਮਨਿੰਆ ਜਾਵੇਗਾ। ਛੇਵੀਂ ਅਤੇ ਸੱਤਵੀਂ ਜਮਾਤ ਲਈ ਇੱਕ ਵਿਸ਼ੇਸ਼ ਪ੍ਰੀਖਿਆ ਲਈ ਜਾਵੇਗੀ । ਜਿਸ ਲਈ ਹਦਾਇਤਾ ਹੇਠ ਲਿਖੇ ਅਨੁਸਾਰ ਹਨ ।

1) ਛੇਵੀਂ ਅਤੇ ਸੱਤਵੀਂ ਜਮਾਤ ਲਈ ਵਿਸ਼ੇਸ਼ ਪ੍ਰੀਖਿਆ 06 ਫਰਵਰੀ 2010 ਨੂੰ ਦਿਨ ਸ਼ਨੀਵਾਰ ਨੂੰ ਲਈ ਜਾਵੇਗੀ।

2) ਇਸ ਦਾ ਸਮਾਂ ਸਵੇਰੇ 11.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਦਾ ਹੋਵੇਗਾ।

3) ਇਹ ਪੇਪਰ ਆੱਬਜੈਕਟਿਵ ਹੋਵੇਗਾ ।

4) ਇਸ ਪ੍ਰਸ਼ਨ ਪੱਤਰ ਵਿੱਚ ਚਾਰ ਵਿਸ਼ੇ ਅੰਗਰੇਜੀ, ਸਾਇੰਸ, ਸਮਾਜਿਕ ਸਿੱਖਿਆ ਅਤੇ ਗਣਿਤ ਹੋਣਗੇ ਅਤੇ ਹਰ ਵਿਸ਼ੇ ਦਾ ਪੇਪਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਿਤ ਸਿਲੇਵਸ ਤੇ ਅਧਾਰਿਤ ਹੋਵੇਗਾ ।

5) ਹਰ ਪ੍ਰਸ਼ਨ ਦਾ ਉੱਤਰ ਪ੍ਰਸ਼ਨ ਪੱਤਰ ਉੱਪਰ ਹੀ ਦਿੱਤਾ ਜਾਵੇਗਾ ।

6) ਹਰ ਵਿਸ਼ੇ ਦੇ 25 ਅੰਕ ਹੋਣਗੇ ਅਤੇ ਹਰ ਪ੍ਰਸ਼ਨ ਇਕ-ਇਕ ਨੰਬਰ ਦਾ ਹੋਵੇਗਾ ।

7) ਪੇਪਰ ਕੁੱਲ 100 ਅੰਕ ਦਾ ਅਤੇ ਸਮਾਂ ਦੋ ਘੰਟੇ ਦਾ ਹੋਵੇਗਾ ।

8) ਇਹ ਪੇਪਰ ਸਕੂਲ ਪੱਧਰ ਤੇ ਹੋਵੇਗਾ ਅਤੇ ਇਸ ਦੀ ਮਾਰਕਿੰਗ ਵੀ ਸਕੂਲ ਪੱਧਰ ਤੇ ਹੀ ਹੋਵੇਗੀ।ਮਾਰਕਿੰਗ ਤੋਂ ਬਾਅਦ ਹਰ ਸਕੂਲ ਦੀ ਮਾਰਕ ਲਿਸਟ ਸਕੂਲ ਮੁੱਖੀ ਵੱਲੋਂ ਬੀ.ਪੀ.ਈ.ਉਜ਼ ਨੂੰ ਬਲਾਕ ਪੱਧਰ ਤੇ ਭੇਜ਼ ਦਿੱਤੀ ਜਾਵੇਗੀ ।

9) ਪੇਪਰ ਅਪਰ ਪ੍ਰਾਇਮਰੀ ਸਕੂਲਾਂ ਵਿੱਚ ਹੋ ਰਿਹਾ ਹੈ ਇਸ ਲਈ ਪੇਪਰ ਦਾ ਸਾਰਾ ਪ੍ਰਬੰਧ ਤੇ ਜ਼ਿਲ੍ਹਾਂ ਸਿੱਖਿਆ ਅਫ਼ਸਰ (ਸੈ.ਸਿ) ਕਰਨਗੇ। ਪੇਪਰ ਦੀ ਨਿਗਰਾਨੀ ਲਈ ਅਲਗ ਅਲਗ ਸਕੂਲਾਂ ਦੇ ਸਟਾਫ ਦੀ ਅਦਲਾ ਬਦਲੀ ਕੀਤੀ ਜਾਵੇਗੀ। ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਵੱਲੋਂ ਇਸ ਸਬੰਧ ਵਿੱਚ ਲੋੜੀਦੀਆਂ ਹਦਾਇਤਾ ਜਾਰੀ ਕੀਤੀਆਂ ਜਾਣਗੀਆਂ ।

10) ਹਰ ਬੀ.ਪੀ.ਈ.ਓ. ਵੱਲੋਂ ਆਪਣੇ ਬਲਾਕ ਦੀਆਂ ਪੰਜਵੀਂ,ਛੇਵੀਂ,ਸੱਤਵੀ ਅਤੇ ਅੱਠਵੀਂ ਜਮਾਤ ਵਿੱਚ ਪਹਿਲੇ, ਦੂਜੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੀਆ ਲੜਕੀਆਂ ਅਤੇ ਐਸ.ਸੀ/ਐਸ.ਟੀ ਬੱਚਿਆਂ ਦੀ ਸੂਚੀ ਤਿਆਰ ਕੀਤੀ ਜਾਵੇਗੀ। ਇਹ ਲਿਸਟਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਨੂੰ ਭੇਜ਼ ਦਿੱਤੀਆ ਜਾਣਗੀਆਂ ।

11) ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਅਤੇ (ਐ.ਸਿ) ਵੱਲੋਂ ਫ਼ਰਵਰੀ ਦੇ ਆਖਰੀ ਹਫ਼ਤੇ ਦੌਰਾਨ ਇਕ ਸਾਂਝਾ ਸਮਾਰੋਹ ਆਯੋਜਿਤ ਕਰਕੇ ਇਨ੍ਹਾਂ ਲੜਕੀਆਂ ਨੂੰ ਕੈਸ਼ ਅਵਾਰਡ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਜਾਵੇਗਾ ।

12) ਮੁੜ ਸਪਸ਼ਟ ਕੀਤਾ ਜਾਂਦਾ ਹੈ ਕਿ ਪੰਜਵੀਂ ਅਤੇ ਅੱਠਵੀਂ ਜਮਾਤ ਦੀਆਂ ਟਾਪਰ ਲੜਕੀਆ ਅਤੇ ਐਸ.ਸੀ/ਐਸ.ਟੀ ਬੱਚਿਆਂ ਦੀ ਚੋਣ 2008-09 ਕੇ ਬੋਰਡ ਨਤੀਜਿਆਂ ਦੇ ਅਧਾਰ ਤੇ ਹੋਵੇਗੀ ਅਤੇ ਛੇਵੀਂ ਤੇ ਸੱਤਵੀਂ ਜਮਾਤ ਦੀਆ ਲੜਕੀਆ ਅਤੇ ਐਸ.ਸੀ/ਐਸ.ਟੀ ਬੱਚਿਆਂ ਦੀ ਚੋਣ ਵਿਸ਼ੇਸ਼ ਤੌਰ ਤੇ ਲਏ ਜਾਣ ਵਾਲੇ ਟੈਸਟ ਦੇ ਆਧਾਰ ਤੇ ਕੀਤੀ ਜਾਵੇਗੀ ।

13) ਇਨਾਮ ਦੇਣ ਦਾ ਖਰਚਾ ਗਰਲ ਐਜੂਕੇਸ਼ਨ ਅਤੇ ਐਸ.ਸੀ/ਐਸ.ਟੀ ਦੇ ਫੰਡ ਵਿੱਚ ਦਿੱਤਾ ਜਾਵੇਗਾ।

2.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਕੰਮ ਨੂੰ ਚੰਗੇ ਢੰਗ ਨਾਲ ਨੇਪੜੇ ਚਾੜਿਆ ਜਾਵੇ ਜੀ ।

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਿਟੀ**
**ਪੰਜਾਬ, ਚੰਡੀਗੜ੍ਹ**